Australian Government

myagedcare

Support at Home

Punjabi | ਪੰਜਾਬੀ

ਆਪਣੇ ਮੁਲਾਂਕਣ ਦਾ ਨਤੀਜਾ ਪ੍ਰਾਪਤ ਕਰੋ | ਸੇਵਾਵਾਂ ਜਾਰੀ ਕੀਤੇ ਜਾਣ ਦੀ ਉਡੀਕ ਕਰੋ | 'ਸਪੋਰਟ ਐਟ ਹੋਮ' ਸੇਵਾ ਪ੍ਰਦਾਤਾ ਲੱਭੋ | **ਸੇਵਾ ਸਮਝੌਤੇ ਵਿੱਚ ਦਾਖਲ ਹੋਵੋ** | ਆਪਣੀਆਂ ਸੇਵਾਵਾਂ ਦਾ ਪ੍ਰਬੰਧਨ ਕਰੋ

# 'ਸਪੋਰਟ ਐਟ ਹੋਮ' ਸੇਵਾ ਸਮਝੌਤੇ ਵਿੱਚ ਦਾਖਲ ਹੋਣਾ

## ਸੇਵਾ ਸਮਝੌਤਾ ਕੀ ਹੁੰਦਾ ਹੈ?

ਤੁਹਾਡਾ 'ਸਪੋਰਟ ਐਟ ਹੋਮ' ਸੇਵਾ ਸਮਝੌਤਾ, ਤੁਹਾਡੇ ਅਤੇ ਤੁਹਾਡੇ ਚੁਣੇ ਹੋਏ 'ਸਪੋਰਟ ਐਟ ਹੋਮ' ਸੇਵਾ ਪ੍ਰਦਾਤਾ ਵਿਚਕਾਰ ਇੱਕ ਕਾਨੂੰਨੀ ਦਸਤਾਵੇਜ਼ ਹੁੰਦਾ ਹੈ। ਇਸ ਸਮਝੌਤੇ ਵਿੱਚ ਤੁਹਾਡੇ ਅਧਿਕਾਰਾਂ, ਜ਼ਿੰਮੇਵਾਰੀਆਂ ਅਤੇ ਤੁਹਾਨੂੰ ਮਿਲਣ ਵਾਲੀਆਂ ਸੇਵਾਵਾਂ ਦੀ ਜਾਣਕਾਰੀ ਹੁੰਦੀ ਹੈ।

'ਸਪੋਰਟ ਐਟ ਹੋਮ' ਸੇਵਾਵਾਂ ਪ੍ਰਾਪਤ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੇ ਸੇਵਾ ਪ੍ਰਦਾਤਾ ਨਾਲ ਸੇਵਾ ਸਮਝੌਤਾ ਕਰਨਾ ਲਾਜ਼ਮੀ ਹੈ।

ਤੁਹਾਡਾ ਸੇਵਾ ਪ੍ਰਦਾਤਾ ਤੁਹਾਡੇ ਨਾਲ ਮਿਲ ਕੇ ਇਹ ਸਮਝੌਤਾ ਤਿਆਰ ਕਰੇਗਾ। ਇਸ ਵਿੱਚ ਇਹ ਜਾਣਕਾਰੀਆਂ ਹੋਣੀਆਂ ਲਾਜ਼ਮੀ ਹਨ:

- ਕਿਹੜੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ
- ਤੁਹਾਡੀਆਂ ਸੇਵਾਵਾਂ ਕਿਵੇਂ ਪ੍ਰਦਾਨ ਕੀਤੀਆਂ ਜਾਣਗੀਆਂ
- ਹਰੇਕ ਸੇਵਾ ਕੌਣ ਪ੍ਰਦਾਨ ਕਰੇਗਾ
- ਹਰੇਕ ਸੇਵਾ ਦੀ ਕੀਮਤ ਕਿੰਨੀ ਹੋਵੇਗੀ
- ਤੁਹਾਡੇ ਵਲੋਂ ਯੋਗਦਾਨ ਦੀ ਰਕਮ ਭੁਗਤਾਨ ਕਰਨ ਦੀ ਸਹਿਮਤੀ ।

ਜੇਕਰ ਸਮੇਂ ਦੇ ਨਾਲ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਵਿੱਚ ਬਦਲਾਅ ਆਉਂਦੇ ਹਨ, ਤਾਂ ਤੁਸੀਂ ਅਤੇ ਤੁਹਾਡਾ ਸੇਵਾ ਪ੍ਰਦਾਤਾ ਆਪਣੇ ਸੇਵਾ ਸਮਝੌਤੇ ਦੀ ਦੁਬਾਰਾ ਸਮੀਖਿਆ ਕਰ ਸਕਦੇ ਹੋ।

ਤੁਹਾਡੇ ਸੇਵਾ ਪ੍ਰਦਾਤਾ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਤੁਹਾਨੂੰ ਤੁਹਾਡਾ ਸੇਵਾ ਸਮਝੌਤਾ ਸਮਝਣ ਵਿੱਚ ਮੱਦਦ ਕਰੇ। ਇਸ ਵਿੱਚ ਇਹ ਸ਼ਾਮਲ ਹੁੰਦਾ ਹੈ:

- ਸਮਝੌਤੇ ਦੀਆਂ ਵਿਸਥਾਰ ਪੂਰਵਕ ਜਾਣਕਾਰੀਆਂ
- ਸੇਵਾਵਾਂ ਨੂੰ ਰੱਦ ਜਾਂ ਮੁੜ ਨਿਰਧਾਰਤ ਕਰਨ ਦਾ ਤਰੀਕਾ
- ਸੇਵਾ ਪ੍ਰਦਾਤਾ ਦੀ ਕੀਮਤ ਸੂਚੀ ਅਤੇ ਮੰਨਜ਼ੂਰਸ਼ੁਦਾ ਕੀਮਤ ਵਾਧੇ
- ਤੁਹਾਡੀ ਯੋਗਦਾਨ ਰਕਮ ਦਾ ਭੁਗਤਾਨ ਕਿਵੇਂ ਕਰਨਾ ਹੈ (ਜੇ ਲਾਗੂ ਹੋਵੇ)
- ਅਤੇ ਸ਼ਿਕਾਇਤ ਕਿਵੇਂ ਕਰਨੀ ਹੈ।

ਤੁਹਾਡੇ ਪ੍ਰਦਾਤਾ ਵੱਲੋਂ ਬਿਰਧ ਦੇਖਭਾਲ ਸੇਵਾ ਲਈ ਵਰਤੀ ਜਾਂਦੀ ਆਚਾਰ-ਸੰਹਿਤਾ (Code of Conduct) ਅਤੇ ਅਧਿਕਾਰਾਂ ਦਾ ਘੋਸ਼ਣਾ ਪੱਤਰ (Statement of Rights) ਵੀ ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

ਤੁਸੀਂ ਹੇਠ ਲਿਖੇ ਲੋਕਾਂ ਤੋਂ ਸਹਾਇਤਾ ਲੈਣਾ ਚਾਹ ਸਕਦੇ ਹੋ:

- ਪਰਿਵਾਰਕ ਮੈਂਬਰ, ਦੋਸਤ ਜਾਂ ਦੇਖਭਾਲ ਕਰਨ ਵਾਲੇ ਤੋਂ
- ਕਿਸੇ ਐਡਵੋਕੇਟ, ਜਿਵੇਂ **ਕਿ ਓਲਡਰ ਪਰਸਨਜ਼ ਐਡਵੋਕੇਸੀ ਨੈੱਟਵਰਕ (OPAN)** ਨੂੰ **1800 700 600** 'ਤੇ ਫ਼ੋਨ ਕਰਕੇ ਜਾਂ **OPAN.org.au** 'ਤੇ ਜਾ ਕੇ।
- ਕਿਸੇ ਵਕੀਲ ਤੋਂ ਨਿਰਪੱਖ ਕਾਨੂੰਨੀ ਸਲਾਹ ਲਈ।

ਤੁਹਾਡੇ ਸੇਵਾ ਪ੍ਰਦਾਤਾ ਵੱਲੋਂ ਤੁਹਾਡੀ ਸਹਿਮਤੀ ਅਤੇ ਮੰਨਜ਼ੂਰੀ ਲੈਣੀ ਲਾਜ਼ਮੀ ਹੈ, ਜਦੋਂ ਕੋਈ ਸੇਵਾਵਾਂ, ਕੀਮਤਾਂ ਜਾਂ ਯੋਗਦਾਨ ਰਕਮਾਂ ਨੂੰ ਸ਼ੁਰੂ ਜਾਂ ਬਦਲਿਆ ਜਾਂਦਾ ਹੈ। ਤੁਹਾਨੂੰ ਅਤੇ ਤੁਹਾਡੇ ਸੇਵਾ ਪ੍ਰਦਾਤਾ ਦੋਵਾਂ ਨੂੰ ਸੇਵਾ ਸਮਝੌਤੇ 'ਤੇ ਦਸਤਖ਼ਤ ਕਰਨੇ ਚਾਹੀਦੇ ਹਨ, ਅਤੇ ਤੁਹਾਨੂੰ ਦਸਤਖ਼ਤ ਕੀਤੇ ਸੇਵਾ ਸਮਝੌਤਾ ਦੀ ਇੱਕ ਕਾਪੀ ਦਿੱਤੀ ਜਾਣੀ ਚਾਹੀਦੀ ਹੈ।

## ਤਿਮਾਹੀ ਬਜਟ ਕੀ ਹੁੰਦਾ ਹੈ?

ਤੁਹਾਨੂੰ ਤੁਹਾਡੇ 'ਸਪੋਰਟ ਐਟ ਹੋਮ' ਪ੍ਰੋਗ੍ਰਾਮ ਦੇ ਵਰਗੀਕਰਨ ਦੇ ਆਧਾਰ 'ਤੇ ਫੰਡਿੰਗ ਰਕਮ ਜਾਰੀ ਕੀਤੀ ਜਾਵੇਗੀ। ਇਸ ਵਿੱਚ ਲਗਾਤਾਰ ਚੱਲਣ ਵਾਲੀਆਂ ਸੇਵਾਵਾਂ ਲਈ ਵਰਗੀਕਰਨ ਅਤੇ ਥੋੜ੍ਹੇ ਸਮੇਂ ਦੇ ਮਾਰਗਾਂ ਲਈ ਮੰਨਜ਼ੂਰੀ ਸ਼ਾਮਲ ਹੋਵੇਗੀ। ਲਗਾਤਾਰ ਚੱਲਣ ਵਾਲੇ ਵਰਗੀਕਰਨਾਂ ਲਈ, ਫੰਡਿੰਗ ਦੀ ਰਕਮ ਨੂੰ 4 ਤਿਮਾਹੀ ਬਜਟਾਂ ਵਿੱਚ ਵੰਡਿਆ ਜਾਵੇਗਾ, ਜਿਹੜਾ ਹਰ ਤਿੰਨ ਮਹੀਨੇ ਦੀ ਮਿਆਦ ਲਈ ਹੁੰਦਾ ਹੈ।

ਤੁਹਾਡਾ ਤਿਮਾਹੀ ਬਜਟ ਇਨ੍ਹਾਂ ਚੀਜ਼ਾਂ ਤੋਂ ਬਣਿਆ ਹੋਇਆ ਹੁੰਦਾ ਹੈ:

- ਸਰਕਾਰੀ ਸਬਸਿਡੀ (ਜੋ ਆਸਟ੍ਰੇਲੀਆਈ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ)
- ਤੁਹਾਡੇ ਯੋਗਦਾਨ ਦੀ ਰਕਮ (ਤੁਹਾਡੀ ਆਮਦਨ ਅਤੇ ਸੰਪਤੀਆਂ ਦੇ ਆਧਾਰ 'ਤੇ ਤੁਸੀਂ ਜੋ ਭੁਗਤਾਨ ਕਰਦੇ ਹੋ)।

ਤੁਹਾਡੇ ਕੋਲ ਹਰ ਤਿਮਾਹੀ ਲਈ ਇੱਕ ਨਿਸ਼ਚਿਤ ਬਜਟ ਹੁੰਦਾ ਹੈ। ਤੁਹਾਡੇ ਤਿਮਾਹੀ ਬਜਟ ਦਾ ਸਿਰਫ਼ 10% ਜਾਂ $1,000 (ਜੋ ਵੀ ਵੱਧ ਹੋਵੇ) ਜੋ ਖ਼ਰਚ ਨਹੀਂ ਕੀਤਾ ਗਿਆ ਹੈ, ਅਗਲੀ ਤਿਮਾਹੀ ਵਿੱਚ ਲਿਜਾਇਆ ਜਾਵੇਗਾ।

ਤੁਸੀਂ ਆਪਣੀਆਂ ਬਿਰਧ ਦੇਖਭਾਲ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਸੇਵਾ ਪ੍ਰਦਾਤਾ ਨਾਲ ਮਿਲ ਕੇ ਆਪਣੇ ਬਜਟ ਦਾ ਪ੍ਰਬੰਧਨ ਕਰੋਗੇ।

## ਦੇਖਭਾਲ ਪ੍ਰਬੰਧਨ

ਤੁਹਾਡਾ ਸੇਵਾ ਪ੍ਰਦਾਤਾ ਤੁਹਾਨੂੰ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਕੇਅਰ ਮੈਨੇਜਮੈਂਟ (ਦੇਖਭਾਲ ਪ੍ਰਬੰਧਨ) ਸੇਵਾਵਾਂ ਪ੍ਰਦਾਨ ਕਰੇਗਾ। ਕੇਅਰ ਮੈਨੇਜਮੈਂਟ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਨੂੰ ਮਿਲਣ ਵਾਲੀਆਂ ਸੇਵਾਵਾਂ ਤੁਹਾਡੀਆਂ ਜ਼ਰੂਰਤਾਂ, ਟੀਚਿਆਂ ਅਤੇ ਪਸੰਦਾਂ ਨੂੰ ਪੂਰਾ ਕਰਦੀਆਂ ਹਨ।

ਜੇਕਰ ਤੁਸੀਂ ਨਿਰੰਤਰ ਤੌਰ 'ਤੇ ਮਿਲਣ ਵਾਲੀਆਂ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਕੇਅਰ ਮੈਨੇਜਮੈਂਟ ਲਈ ਤੁਹਾਡੇ ਤਿਮਾਹੀ ਬਜਟ ਵਿੱਚੋਂ 10% ਕੱਟਿਆ ਜਾਵੇਗਾ। ਇਹ ਰਕਮ ਤੁਹਾਡੇ ਸੇਵਾ ਪ੍ਰਦਾਤਾ ਨੂੰ ਕੇਅਰ ਮੈਨੇਜਮੈਂਟ ਸੇਵਾਵਾਂ ਪ੍ਰਦਾਨ ਕਰਨ ਲਈ ਅਲਾਟ ਕੀਤੀ ਜਾਂਦੀ ਹੈ।

ਜੇਕਰ ਤੁਸੀਂ ਅਰੋਗਤਾ ਦੇਖਭਾਲ ਮਾਰਗ (Restorative Care Pathway) ਜਾਂ ਜੀਵਨ ਦੇ ਆਖ਼ਰੀ ਸਮੇਂ ਦੀ ਦੇਖਭਾਲ ਦੇ ਮਾਰਗ (End-of-Life Pathway) ਹੇਠ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਕੇਅਰ ਮੈਨੇਜਮੈਂਟ ਸੇਵਾਵਾਂ ਲਈ ਤੁਹਾਡਾ ਥੋੜ੍ਹੇ ਸਮੇਂ ਵਾਲਾ ਬਜਟ ਵਰਤਿਆ ਜਾਵੇਗਾ।

## ਕੀਮਤਾਂ

ਸੇਵਾ ਪ੍ਰਦਾਤਾਵਾਂ ਨੂੰ ਤੁਹਾਡੇ ਲਈ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀਆਂ ਕੀਮਤਾਂ ਤੁਹਾਡੇ ਸੇਵਾ ਸਮਝੌਤੇ ਵਿੱਚ ਸ਼ਾਮਲ ਕਰਨੀਆਂ ਲਾਜ਼ਮੀ ਹਨ। ਜੇਕਰ ਕੋਈ ਸੇਵਾ ਪ੍ਰਦਾਤਾ ਤੁਹਾਡੇ ਤੋਂ My Aged Care ਜਾਂ ਆਪਣੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਮਤ ਤੋਂ ਵੱਖਰੀ ਕੀਮਤ ਵਸੂਲਣ ਦਾ ਪ੍ਰਸਤਾਵ ਰੱਖਦਾ ਹੈ, ਤਾਂ ਤੁਹਾਡਾ ਇਸਦੀ ਕੀਮਤ ਅਤੇ ਇਸਦੀ ਵਜ੍ਹਾ ਨਾਲ ਸਹਿਮਤ ਹੋਣਾ ਲਾਜ਼ਮੀ ਹੈ, ਅਤੇ ਇਹ ਸਾਰਾ ਕੁੱਝ ਤੁਹਾਡੇ ਸੇਵਾ ਸਮਝੌਤੇ ਵਿੱਚ ਦਰਜ ਹੋਣਾ ਚਾਹੀਦਾ ਹੈ।

ਤੁਹਾਡੇ ਸੇਵਾ ਸਮਝੌਤਾ 'ਤੇ ਸੂਚੀਬੱਧ ਹਰੇਕ ਸੇਵਾ ਦੀ ਕੀਮਤ ਉਸ ਸੇਵਾ ਨੂੰ ਪ੍ਰਦਾਨ ਕਰਨ ਦੀ ਸੰਪੂਰਨ ਲਾਗਤ ਨੂੰ ਦਰਸਾਉਂਦੀ ਹੋਣੀ ਚਾਹੀਦੀ ਹੈ। ਇਸ ਕੀਮਤ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- ਤੁਹਾਡੇ ਬਿਰਧ ਦੇਖਭਾਲ ਸੇਵਾ ਕਰਮਚਾਰੀਆਂ ਦੀ ਤਨਖ਼ਾਹ
- ਪ੍ਰਸ਼ਾਸਨਿਕ ਖ਼ਰਚੇ ਅਤੇ ਹੋਰ ਲਾਗਤਾਂ
- ਆਵਾਜਾਈ
- ਸੇਵਾ ਦੇ ਉਪ-ਠੇਕੇ ਦੀ ਲਾਗਤ।

ਤੁਹਾਡੇ ਸੇਵਾ ਪ੍ਰਦਾਤਾ ਨੂੰ ਪੈਕੇਜ ਪ੍ਰਬੰਧਨ ਜਾਂ ਯਾਤਰਾ ਲਈ ਤੁਹਾਡੇ ਤੋਂ ਵੱਖਰੇ ਤੌਰ 'ਤੇ ਖ਼ਰਚਾ ਲੈਣ ਦੀ ਇਜਾਜ਼ਤ ਨਹੀਂ ਹੈ।

ਹਰੇਕ ਸੇਵਾ ਪ੍ਰਦਾਤਾ ਲਈ My Aged Care ਦੀ ਵੈੱਬਸਾਈਟ 'ਤੇ ਆਪਣੀਆਂ ਸੇਵਾਵਾਂ ਲਈ ਆਪਣੀ ਸਭ ਤੋਂ ਆਮ ਕੀਮਤ ਪ੍ਰਕਾਸ਼ਿਤ ਕਰਨੀ ਲਾਜ਼ਮੀ ਹੈ। ਤੁਸੀਂ My Aged Care ਦੀ ਵੈੱਬਸਾਈਟ **MyAgedCare.gov.au/Find-A-Provider** 'ਤੇ 'Find a provider' ਟੂਲ ਦੀ ਵਰਤੋਂ ਕਰਕੇ ਇਹ ਮੁੱਲ ਵੇਖ ਸਕਦੇ ਅਤੇ ਤੁਲਨਾ ਕਰ ਸਕਦੇ ਹੋ।

ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਸੁਰੱਖਿਆ ਉਪਾਅ ਕੀਤੇ ਹਨ ਕਿ 'ਸਪੋਰਟ ਐਟ ਹੋਮ' ਪ੍ਰੋਗਰਾਮ ਦੀਆਂ ਕੀਮਤਾਂ ਵਾਜਬ ਅਤੇ ਪਾਰਦਰਸ਼ੀ ਹੋਣ। **MyAgedCare.gov.au/Support-Home-Program** 'ਤੇ ਜਾ ਕੇ ਹੋਰ ਜਾਣੋ।

## ਭਾਗੀਦਾਰ ਯੋਗਦਾਨ ਰਕਮ

ਤੁਸੀਂ ਸਿਰਫ਼ ਉਨ੍ਹਾਂ ਸੇਵਾਵਾਂ ਲਈ ਹੀ ਯੋਗਦਾਨ ਰਕਮ ਦਾ ਭੁਗਤਾਨ ਕਰੋਗੇ, ਜੋ ਤੁਸੀਂ ਪ੍ਰਾਪਤ ਕਰਦੇ ਹੋ।

ਸਰਕਾਰ ਨਰਸਿੰਗ ਅਤੇ ਫਿਜ਼ੀਓਥੈਰੇਪੀ ਵਰਗੀਆਂ ਕਲੀਨਿਕਲ ਸੇਵਾਵਾਂ ਨੂੰ ਪੂਰੀ ਤਰ੍ਹਾਂ ਫ਼ੰਡ ਕਰੇਗੀ। ਤੁਹਾਨੂੰ ਇਹਨਾਂ ਸੇਵਾਵਾਂ ਲਈ ਯੋਗਦਾਨ ਰਕਮ ਪਾਉਣ ਦੀ ਲੋੜ ਨਹੀਂ ਹੋਵੇਗੀ।

ਤੁਹਾਡੇ ਯੋਗਦਾਨ ਦੀ ਰਕਮ ਦਾ ਪੱਧਰ ਪ੍ਰਾਪਤ ਕੀਤੀ ਸੇਵਾ ਦੀ ਕਿਸਮ ਅਤੇ ਤੁਹਾਡੀ ਆਮਦਨ ਅਤੇ ਸੰਪਤੀਆਂ ਦੇ ਅਨੁਸਾਰ ਵੱਖ-ਵੱਖ ਹੋਵੇਗਾ।

Services Australia ਤੁਹਾਡਾ ਆਮਦਨ ਅਤੇ ਸੰਪਤੀ ਮੁਲਾਂਕਣ ਕਰੇਗੀ, ਜੋ ਬੁਢਾਪਾ ਪੈਨਸ਼ਨ ਲਈ ਆਮਦਨ ਅਤੇ ਸੰਪਤੀ ਮੁਲਾਂਕਣ ਵਰਗਾ ਹੀ ਹੋਵੇਗਾ, ਤਾਂ ਜੋ ਤੁਹਾਡੀ ਯੋਗਦਾਨ ਰਕਮ ਨਿਰਧਾਰਤ ਕੀਤੀ ਜਾ ਸਕੇ।

- ਪੂਰੀ ਪੈਨਸ਼ਨ ਲੈਣ ਵਾਲੇ ਸਭ ਤੋਂ ਘੱਟ ਭੁਗਤਾਨ ਕਰਨਗੇ।
- ਅੰਸ਼ਕ ਪੈਨਸ਼ਨ ਲੈਣ ਵਾਲੇ ਅਤੇ ਕਾਮਨਵੈਲਥ ਸੀਨੀਅਰਜ਼ ਹੈਲਥ ਕਾਰਡ ਰੱਖਣ ਵਾਲੇ, ਆਪਣੀ ਆਮਦਨ ਅਤੇ ਸੰਪਤੀਆਂ ਦੇ ਮੁਲਾਂਕਣ ਅਨੁਸਾਰ ਭੁਗਤਾਨ ਕਰਨਗੇ।
- ਜੋ ਪੂਰੀ ਤਰ੍ਹਾਂ ਆਪਣੇ ਖ਼ਰਚੇ ਉੱਤੇ ਸੇਵਾਮੁਕਤ ਵਿਅਕਤੀ ਹਨ ਅਤੇ ਜੋ ਕਾਮਨਵੈਲਥ ਸੀਨੀਅਰਜ਼ ਹੈਲਥ ਕਾਰਡ ਲਈ ਯੋਗ ਨਹੀਂ ਹਨ, ਉਹ ਸਭ ਤੋਂ ਵੱਧ ਭੁਗਤਾਨ ਕਰਨਗੇ।

ਜੇਕਰ ਤੁਹਾਨੂੰ Services Australia ਜਾਂ ਡਿਪਾਰਟਮੈਂਟ ਆਫ਼ ਵੈਟਰਨਜ਼ ਅਫੇਅਰਜ਼ (DVA) ਤੋਂ ਕੋਈ ਆਮਦਨ ਸਹਾਇਤਾ ਭੁਗਤਾਨ ਮਿਲਦਾ ਹੈ, ਤਾਂ ਇਨ੍ਹਾਂ ਸੰਸਥਾਵਾਂ ਕੋਲ ਤੁਹਾਡੀ ਵਿੱਤੀ ਜਾਣਕਾਰੀ ਪਹਿਲਾਂ ਹੀ ਹੋ ਸਕਦੀ ਹੈ। ਤੁਹਾਨੂੰ ਆਪਣੀਆਂ ਬਿਰਧ ਦੇਖਭਾਲ ਸੇਵਾਵਾਂ ਸ਼ੁਰੂ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੋਵੇਗੀ ਕਿ ਤੁਹਾਡੀ ਵਿੱਤੀ ਜਾਣਕਾਰੀ ਤਾਜ਼ਾ ਹੈ।

ਜੇਕਰ Services Australia ਕੋਲ ਪਹਿਲਾਂ ਹੀ ਤੁਹਾਡੀ ਮੌਜੂਦਾ ਵਿੱਤੀ ਜਾਣਕਾਰੀ ਨਹੀਂ ਹੈ (ਭਾਵ ਕਿ ਤੁਸੀਂ ਪੈਨਸ਼ਨਰ ਨਹੀਂ ਹੋ), ਤਾਂ ਤੁਹਾਨੂੰ ਆਮਦਨ ਅਤੇ ਸੰਪਤੀਆਂ ਦਾ ਮੁਲਾਂਕਣ ਪੂਰਾ ਕਰਵਾਉਣ ਦੀ ਲੋੜ ਹੋਵੇਗੀ।

Services Australia ਵੈੱਬਸਾਈਟ 'ਤੇ ਜਾ ਕੇ ਪੁਸ਼ਟੀ ਕਰੋ ਕਿ ਕੀ ਤੁਹਾਨੂੰ ਆਮਦਨੀ ਅਤੇ ਸੰਪਤੀ ਮੁਲਾਂਕਣ ਕਰਵਾਉਣਾ ਚਾਹੀਦਾ ਹੈ: **ServicesAustralia.gov.au/Aged-Care-Calculation-Your-Cost-Care**

ਜੇਕਰ ਤੁਸੀਂ Services Australia ਨੂੰ ਆਪਣੀ ਆਮਦਨ ਅਤੇ ਸੰਪਤੀਆਂ ਦੀ ਜਾਣਕਾਰੀ ਪ੍ਰਦਾਨ ਨਹੀਂ ਕਰਦੇ, ਤਾਂ ਤੁਹਾਡੇ ਯੋਗਦਾਨ ਦੀ ਰਕਮ ਨੂੰ ਵੱਧ ਤੋਂ ਵੱਧ ਦਰ 'ਤੇ ਨਿਰਧਾਰਤ ਕੀਤਾ ਜਾਵੇਗਾ।

ਤੁਹਾਨੂੰ ਆਪਣੀ ਵਿੱਤੀ ਸਥਿਤੀ ਵਿੱਚ ਆਈ ਕਿਸੇ ਵੀ ਤਰ੍ਹਾਂ ਦੀ ਉਸ ਤਬਦੀਲੀ ਬਾਰੇ 14 ਦਿਨਾਂ ਦੇ ਅੰਦਰ-ਅੰਦਰ Services Australia ਦੱਸਣਾ ਚਾਹੀਦਾ ਹੈ ਜੋ ਤੁਹਾਡੇ ਯੋਗਦਾਨ ਦੀ ਰਕਮ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਤੁਹਾਨੂੰ ਕਿਹੜੇ ਯੋਗਦਾਨਾਂ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ, ਉਸਦਾ ਅੰਦਾਜ਼ਾ ਲਗਾਉਣ ਲਈ, **MyAgedCare.gov.au/Support-At-Home-Fee-Estimator** ਵੈੱਬਸਾਈਟ 'ਤੇ ਦਿੱਤੇ 'ਸਪੋਰਟ ਐਟ ਹੋਮ' ਫ਼ੀਸ ਐਸਟੀਮੇਟਰ ਦੀ ਵਰਤੋਂ ਕਰੋ।

ਜੇਕਰ ਤੁਸੀਂ ਆਪਣੇ ਕੰਟਰੋਲ ਤੋਂ ਬਾਹਰ ਹੋਣ ਵਾਲੇ ਕਾਰਨਾਂ ਕਰਕੇ ਭੁਗਤਾਨ ਕਰਨ ਵਿੱਚ ਅਸਮਰੱਥ ਹੋ, ਤਾਂ ਵਿੱਤੀ ਤੰਗੀ ਸਹਾਇਤਾ ਤੁਹਾਡੀ ਮੱਦਦ ਕਰ ਸਕਦੀ ਹੈ। **MyAgedCare.gov.au/Financial-Hardship-Assistance** 'ਤੇ ਜਾ ਕੇ ਹੋਰ ਜਾਣੋ।

ਜੇਕਰ ਤੁਹਾਡੇ ਕੋਲ ਆਮਦਨ ਅਤੇ ਸੰਪਤੀ ਦੇ ਮੁਲਾਂਕਣ ਬਾਰੇ ਕੋਈ ਸਵਾਲ ਹਨ, ਤਾਂ **Services Australia** ਨੂੰ **1800 227 475** 'ਤੇ ਫ਼ੋਨ ਕਰੋ।

## ਮਹੀਨਾਵਾਰ ਸਟੇਟਮੈਂਟਾਂ

ਤੁਹਾਡੇ ਪ੍ਰਦਾਤਾ ਨੂੰ ਤੁਹਾਨੂੰ ਸੇਵਾਵਾਂ ਲਈ ਮਹੀਨਾਵਾਰ ਸਟੇਟਮੈਂਟਾਂ ਜਾਰੀ ਕਰਨਾ ਲਾਜ਼ਮੀ ਹੈ, ਜਿਸ ਵਿੱਚ ਇਹ ਦਰਸਾਇਆ ਹੋਵੇਗਾ:

- 'ਸਪੋਰਟ ਐਟ ਹੋਮ' ਸੇਵਾਵਾਂ 'ਤੇ ਕਿੰਨਾ ਖ਼ਰਚ ਕੀਤਾ ਗਿਆ ਹੈ
- ਪ੍ਰਦਾਨ ਕੀਤੀਆਂ ਸੇਵਾਵਾਂ ਲਈ ਯੋਗਦਾਨ ਰਕਮ ਅਤੇ ਲਾਗਤਾਂ
- ਉਸ ਮਹੀਨੇ ਲਈ ਤੁਹਾਡਾ ਬਾਕੀ ਬਚਿਆ ਹੋਇਆ ਬਜਟ।

## ਜੇਕਰ ਮੈਨੂੰ ਦੁਭਾਸ਼ੀਏ ਦੀ ਲੋੜ ਹੋਵੇ ਤਾਂ ਕੀ ਕਰਨਾ ਹੈ?

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਆਪਣੇ ਸੇਵਾ ਪ੍ਰਦਾਤਾ ਨੂੰ **131 450** 'ਤੇ ਫ਼ੋਨ ਕਰਕੇ **ਅਨੁਵਾਦ ਅਤੇ ਦੁਭਾਸ਼ੀਆ ਸੇਵਾ** (TIS National) ਰਾਹੀਂ ਇਸਦਾ ਪ੍ਰਬੰਧ ਕਰਨ ਲਈ ਕਹੋ। TIS National 150 ਤੋਂ ਵੱਧ ਭਾਸ਼ਾਵਾਂ ਵਿੱਚ ਟੈਲੀਫ਼ੋਨ ਜਾਂ ਥਾਂ 'ਤੇ ਦੁਭਾਸ਼ੀਆ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ। ਜਦੋਂ ਤੁਸੀਂ ਆਪਣੇ ਸੇਵਾ ਸਮਝੌਤਾ 'ਤੇ ਆਪਣੇ ਸੇਵਾ ਪ੍ਰਦਾਤਾ ਨਾਲ ਕੰਮ ਕਰ ਰਹੇ ਹੁੰਦੇ ਹੋ ਤਾਂ ਦੁਭਾਸ਼ੀਆ ਸੇਵਾਵਾਂ ਮੁਫ਼ਤ ਹੁੰਦੀਆਂ ਹਨ।

ਇਸ ਪ੍ਰਕਾਸ਼ਨ ਵਿੱਚ ਸਾਰੀ ਜਾਣਕਾਰੀ 1 ਨਵੰਬਰ 2025 ਤੋਂ ਸਹੀ ਹੈ।

DT0004879-1025

## ਸਹਾਇਤਾ ਲਈ

ਇਸ ਵੈੱਬਸਾਈਟ 'ਤੇ ਜਾਓ: **MyAgedCare.gov.au**
ਫ਼ੋਨ **1800 200 422**

ਵਿਅਕਤੀਗਤ ਤੌਰ 'ਤੇ: ਆਮ ਜਾਣਕਾਰੀ ਅਤੇ ਸਹਾਇਤਾ ਲਈ Services Australia ਸੇਵਾ ਕੇਂਦਰ 'ਤੇ ਜਾਓ ਜਾਂ ਮੁਫ਼ਤ ਵਿਅਕਤੀਗਤ ਮੁਲਾਕਾਤ ਲਈ ਔਨਲਾਈਨ ਬੁੱਕ ਕਰੋ। ਜ਼ਿਆਦਾ ਸਹਾਇਤਾ ਲਈ, ਤੁਸੀਂ ਕਿਸੇ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ [Aged Care Specialist Officer] ਨਾਲ ਵੀ ਗੱਲ ਕਰ ਸਕਦੇ ਹੋ ਜੇਕਰ ਤੁਹਾਡੇ ਖੇਤਰ ਵਿੱਚ ਕੋਈ ਮੌਜੂਦ ਹੋਵੇ, ਜਾਂ ਵੀਡੀਓ ਚੈਟ ਦੀ ਵਰਤੋਂ ਕਰ ਸਕਦੇ ਹੋ।

**ServicesAustralia.gov.au/My-Aged-Care-Face-To-Face-Services** ਵੈੱਬਸਾਈਟ 'ਤੇ ਜਾਓ ਜਾਂ **1800 227 475** 'ਤੇ ਮੁਫ਼ਤ ਫ਼ੋਨ ਕਰੋ।